**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,**
**ਐਸ. ਸੀ. ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ**

ਸੇਵਾ ਵਿਖੇ

ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.)

ਮੀਮੋ ਨੰ ਸਸਅ/ਐਮਆਈਐਸ/ 3202
ਮਿਤੀ ਚੰਡੀਗੜ੍ਹ 25, ਜਨਵਰੀ, 2010

ਵਿਸ਼ਾ ਡਾਈਸ ਡਾਟਾ ਦੀ ਮੁੜ ਜਾਂਚ ਕਰਵਾਉਣ ਬਾਰੇ ।

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ ।

2.0 ਆਪ ਜੀ ਨੂੰ ਪਤਾ ਹੋਵੇਗਾ ਕਿ ਪੰਜਾਬ ਰਾਜ ਦੇ ਵਿੱਚ ਸਾਰੇ ਸਕੂਲਾਂ ਦੇ ਵਿੱਚ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਅੰਕੜੇ ਅਕਤੂਬਰ ਮਹੀਨੇ ਵਿੱਚ ਇਕੱਠੇ ਕਰਵਾਏ ਗਏ ਸਨ । ਇਹ ਅੰਕੜੇ ਹਰ ਸਾਲ ਇਕੱਠਾ ਕਰਨ ਉਪਰੰਤ ਭਾਰਤ ਸਰਕਾਰ ਨੂੰ ਭੇਜੇ ਜਾਣੇ ਹੁੰਦੇ ਹਨ । ਇਨ੍ਹਾਂ ਅੰਕੜਿਆਂ ਦੇ ਆਧਾਰ ਤੇ ਸਰਵ ਸਿੱਖਿਆ ਅਭਿਆਨ ਪ੍ਰੋਗਰਾਮ ਦਾ ਪਲਾਨ ਤਿਆਰ ਕੀਤਾ ਜਾਂਦਾ ਹੈ ਅਤੇ ਇਸ ਨੂੰ ਭਾਰਤ ਸਰਕਾਰ ਵੱਲੋਂ ਪ੍ਰਵਾਣਤ ਵੀ ਕੀਤਾ ਜਾਂਦਾ ਹੈ । ਇਸ ਵਜ੍ਹਾ ਨਾਲ ਇਸ ਅੰਕੜੇ ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ ਅਤੇ ਇਹ ਅੰਕੜੇ ਕਿਸੇ ਵੀ ਸੂਰਤ ਵਿੱਚ ਗਲਤ ਨਹੀਂ ਹੋਣੇ ਚਾਹੀਦੇ ।

3.0 ਪਰੰਤੂ ਇਹ ਆਮ ਵੇਖਣ ਵਿੱਚ ਆਇਆ ਹੈ ਕਿ ਸਬੰਧਤ ਬਲਾਕ ਪ੍ਰਾਇਮਰੀ ਅਫਸਰਾਂ ਅਤੇ ਬੀ.ਆਰ.ਪੀ. ਨੂੰ ਸ਼ਖਤ ਹਦਾਇਤਾਂ ਦੇ ਬਾਵਜੂਦ ਵੀ ਸਕੂਲਾਂ ਤੋਂ ਠੀਕ ਅੰਕੜੇ ਪ੍ਰਾਪਤ ਨਹੀਂ ਹੋਏ ਹਨ । ਇਹ ਗੱਲ ਸਮਝ ਤੋਂ ਬਾਹਰ ਹੈ ਕਿ ਜਦੋਂ ਹਰ ਬੀ.ਆਰ.ਪੀ. ਨੂੰ ਸਕੂਲ ਅਲਾਟ ਕੀਤੇ ਹੋਏ ਹਨ ਤਾਂ ਇਹ ਗਲਤ ਅੰਕੜੇ ਕਿਵੇਂ ਤਿਆਰ ਕੀਤੇ ਗਏ **?** ਬੀ.ਆਰ.ਪੀ. ਦੀ ਇਹ ਡਿਊਟੀ ਬਣਦੀ ਸੀ ਕਿ ਉਹ ਇਨ੍ਹਾਂ ਅੰਕੜਿਆਂ ਦੀ ਵੈਰੀਫਿਕੇਸ਼ਨ ਕਰਨ ਉਪਰੰਤ ਹੀ ਇਸ ਸਾਰੀ ਸੂਚਨਾ ਨੂੰ ਅੱਗੇ ਭੇਜਦੇ । ਪਰੰਤੂ ਇਸ ਤਰ੍ਹਾਂ ਨਹੀਂ ਕੀਤਾ ਗਿਆ ਹੈ । ਮੁੱਖ ਦਫਤਰ ਵੱਲੋਂ ਪੰਜ ਪ੍ਰਤਿਸ਼ਤ ਸੈਂਪਲ ਚੈਕਿੰਗ ਕਰਵਾਉਣ ਤੇ ਇਹ ਗੱਲ ਵੇਖਣ ਵਿੱਚ ਆਈ ਹੈ ਕਿ ਸਕੂਲ ਡਾਈਸ ਡਾਟੇ ਵਿੱਚ ਐਨਰੋਲਮੈਂਟ ਘੱਟ ਵਿਖਾਈ ਗਈ ਹੈ ਜਦੋਂ ਕਿ ਇਕ ਨਿਰਪੱਖ ਏਜੰਸੀ ਤੋਂ ਸਰਵੇ ਕਰਵਾਉਣ ਤੇ, ਜਿਨ੍ਹਾਂ ਨੇ ਸਕੂਲਾਂ ਨੂੰ ਵਿਜਿਟ ਕਰਨ ਉਪਰੰਤ ਡਾਟਾ ਇਕੱਠਾ ਕੀਤਾ ਹੈ, ਨੇ ਵਾਧੂ ਐਨਰੋਲਮੈਂਟ ਦੱਸੀ ਹੈ । ਇਸੀ ਤਰ੍ਹਾਂ ਬਾਕੀ ਸੂਚਨਾ ਜਿਵੇਂ ਕਿ ਇਕ ਜ਼ਿਲ੍ਹੇ ਵਿੱਚ ਪ੍ਰਾਇਮਰੀ

ਸਕੂਲਾਂ ਦੀ ਗਿਣਤੀ, ਸਰਕਾਰੀ ਸਕੂਲਾਂ ਦੀ ਗਿਣਤੀ, ਪ੍ਰਾਈਵੇਟ ਸਕੂਲਾਂ ਦੀ ਗਿਣਤੀ, ਕਮਰਿਆਂ ਦੀ ਗਿਣਤੀ, ਪਾਖਾਨਿਆਂ ਅਤੇ ਅਧਿਆਪਕਾਂ ਦੀ ਗਿਣਤੀ ਬਾਰੇ ਫਰਕ ਨਜ਼ਰ ਆਇਆ ਹੈ ।

4.0 ਇਨ੍ਹਾਂ ਸਾਰੀਆ ਗੱਲਾ ਨੂੰ ਮੁੱਖ ਰੱਖਦੇ ਹੋਇਆ ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਜੀ ਦੇ ਜ਼ਿਲ੍ਹੇ ਵੱਲੋਂ ਇਕੱਠੇ ਕੀਤੇ ਗਏ ਸਾਰੇ ਅੰਕੜਿਆਂ ਦੀ ਕਿਤਾਬਚੀ ਸਬੰਧਤ ਬੀ.ਆਰ.ਪੀ. ਨੂੰ ਦਿੱਤੀ ਜਾਵੇ ਅਤੇ ਉਹ ਵਾਰੀ-ਵਾਰੀ ਹਰ ਸਕੂਲ ਨੂੰ ਵਿਜ਼ਿਟ ਕਰਨ ਉਪਰੰਤ ਅੰਕੜਿਆਂ ਨੂੰ ਠੀਕ ਕਰੇ ਅਤੇ ਇਸ ਤਰ੍ਹਾਂ ਸਾਰੇ ਜ਼ਿਲ੍ਹਿਆਂ ਦਾ ਡਾਟਾ ਇਕੱਠਾ ਕਰਨ ਉਪਰੰਤ ਮੁੱਖ ਦਫਤਰ ਨੂੰ ਸੂਚਨਾ ਦਿੱਤੀ ਜਾਵੇ । ਇਹ ਸਾਰਾ ਕੰਮ 28.2.2010 ਤੀਕ ਮੁਕੰਮਲ ਕੀਤਾ ਜਾਵੇ ।

3.0 ਇਹ ਸੱਪਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਇਸ ਤੋਂ ਬਾਅਦ ਵੀ ਡਾਈਸ ਦੇ ਅੰਕੜਿਆਂ ਵਿੱਚ ਕੋਈ ਕਮੀ ਪੇਸ਼ੀ ਪਾਈ ਗਈ ਤਾਂ ਉਸ ਦੀ ਸਿੱਧੀ ਜਿੰਮੇਵਾਰੀ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਬੀ.ਆਰ.ਪੀ. ਅਤੇ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਦੀ ਹੋਵੇਗੀ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਉਤਾਰਾ : 1. ਰਾਜ ਦੇ ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ
2. ਡੀ.ਐਮ. (ਐਮ.ਆਈ.ਐਸ.) ਨੂੰ ਵੈੱਬ ਸਾਈਟ ਤੇ ਪਾਉਣ ਲਈ ।